# ਡੇਅਰੀ ਪਸ਼ੂਆਂ ਲਈ ਈ-ਗੋਪਾਲਾ ਐਪ

ਭਾਰਤ ਸਰਕਾਰ ਦੇ ਡੇਅਰੀ ਅਤੇ ਪਸ਼ੂ ਪਾਲਣ ਵਿਭਾਗ ਨੇ ਸਤੰਬਰ 2020 ਨੂੰ ਐਂਡਰਾਇਡ ਐਪ ਈ-ਗੋਪਾਲਾ ਜਾਰੀ ਕੀਤੀ ਜਿਹੜੀ ਕਿ ਡੇਅਰੀ ਪਸ਼ੂਆਂ ਦੀ ਬਿਹਤਰ ਉਤਪਾਦਕਤਾ ਲਈ ਅਸਲ ਸਮੇਂ ਵਿੱਚ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਐਪ ਗੂਗਲ ਪਲੇ ਸਟੋਰ ਤੇ ਉਪਲਬਧ ਹੈ।

ਈ-ਗੋਪਾਲਾ ਦੀ ਵਿਸ਼ੇਸ਼ਤਾ ਹੈ:

**ਪਸ਼ੂ ਪੋਸ਼ਣ**

ਫੀਡ ਦੇ ਖਰਚਿਆਂ ਨੂੰ ਅਨੁਕੂਲ ਬਣਾਉਣ, ਉਤਪਾਦਕਤਾ ਵਧਾਉਣ ਅਤੇ ਜਾਨਵਰਾਂ ਦੀ ਜਣਨ ਕਾਰਗੁਜ਼ਾਰੀ ਲਈ ਉਪਲਬਧ ਫੀਡ ਸਮੱਗਰੀ ਦੀ ਵਰਤੋਂ ਕਰਦਿਆਂ ਡੇਅਰੀ ਪਸ਼ੂਆਂ ਲਈ ਸੰਤੁਲਿਤ ਰਾਸ਼ਨ ਤਿਆਰ ਕਰਨ ਵਿਚ ਕਿਸਾਨਾਂ ਦੀ ਮਦਦ ਕਰਦਾ ਹੈ।

ਪਹਿਲਾਂ ਤਿਆਰ ਕੀਤੇ ਹੋਏ ਰਾਸ਼ਨ ਨੂੰ ਦੇਖਿਆ ਜਾ ਸਕਦਾ ਹੈ ਅਤੇ ਇਸਦੀ ਤੁਲਨਾ ਸਰਵੋਤਮ ਹੱਲ ਨਾਲ ਕੀਤੀ ਜਾ ਸਕਦੀ ਹੈ।

ਹਵਾਲੇ ਲਈ ਤਿਆਰ ਡੈਮੋ ਵਿਡਿਓ ਉਪਲਬਧ ਹਨ।

**ਐਥਨੋ-ਵੈਟਨਰੀ ਮੈਡੀਸਨ (ਈ ਵੀ ਐਮ)**

ਐਥਨੋ-ਵੈਟਨਰੀ ਮੈਡੀਸਨ (ਈ ਵੀ ਐਮ) ਜਾਂ ਆਯੁਰਵੈਦਿਕ (ਰਵਾਇਤੀ) ਪਸ਼ੂ ਚਿਕਿਤਸਾ ਔਸ਼ਧੀ ਦੀ ਵਰਤੋਂ ਨਾਲ ਡੇਅਰੀ ਪਸ਼ੂਆਂ ਦੀਆਂ ਤਕਰੀਬਨ 29 ਆਮ ਬਿਮਾਰੀਆਂ ਜਿਵੇਂ ਕਿ ਥਣਾਂ ਦਾ ਸੋਜਾ, ਬਦਹਜ਼ਮੀ ਅਤੇ ਦਸਤ ਆਦਿ ਦੇ ਪ੍ਰਬੰਧਨ ਲਈ ਕਿਸਾਨਾਂ ਦਾ ਮਾਰਗ ਦਰਸ਼ਨ ਕਰਨਾ।

ਈ ਵੀ ਐਮ ਦੀ ਸਮੱਗਰੀ ਕਿਸਾਨਾਂ ਦੇ ਕੋਲ ਅਸਾਨੀ ਨਾਲ ਉਪਲਬਧ ਹੁੰਦੀ ਹੈ ਅਤੇ ਇਹ ਸਸਤੀ ਹੁੰਦੀ ਹੈ।

ਇਸ ਹਿੱਸੇ ਵਿੱਚ ਈ ਵੀ ਐਮ ਦੇ ਰਾਹੀਂ ਬਿਮਾਰੀਆਂ ਦੀ ਰੋਕ ਥਾਮ ਲਈ ਕਾਰਜਵਿਧੀਆਂ ਉੱਤੇ ਵੱਖ-ਵੱਖ ਬੋਲੀਆਂ ਵਿੱਚ ਤਿਆਰ ਕੀਤੇ ਵੀਡਿਓ ਉਪਲਬਧ ਹਨ।

**ਪਸ਼ੂ ਬਜ਼ਾਰ**

ਡੇਅਰੀ ਪਸ਼ੂਆਂ ਦੀ ਖਰੀਦ/ਵਿਕਰੀ ਲਈ ਡਿਜਿਟਲ ਮੰਚ ਉਪਲਬਧ ਕਰਾਉਂਦਾ ਹੈ।

ਗਾਵਾਂ ਅਤੇ ਮੱਝਾਂ ਦੀਆਂ ਕਈ ਵੱਖ-ਵੱਖ ਕਿਸਮਾਂ ਲਈ ਉਪਲਬਧ ਗੁਣਵੱਤਾ ਵਾਲੇ ਵੀਰਜ ਦੀਆਂ ਖੁਰਾਕਾਂ ਦੇ ਸਰੋਤ ਦੀ ਜਾਣਕਾਰੀ।

ਆਈ ਵੀ ਐਫ ਭਰੂਣ ਅਤੇ ਸੈਕਸ-ਸਾਰਟਡ ਵੀਰਜ ਦੀ ਉਪਲਬਧਤਾ ਲਈ ਸੰਪਰਕ ਵੇਰਵਾ।

**ਮੇਰਾ ਪਸ਼ੂ ਆਧਾਰ**

ਜਾਨਵਰਾਂ ਦੀ ਉਤਪਾਦਕਤਾ ਅਤੇ ਸਿਹਤ ਦੇ ਲਈ ਸੂਚਨਾ ਨੈਟਵਰਕ (INAPH) ਪ੍ਰਣਾਲੀ ਉੱਤੇ ਰਜਿਸਟਰਡ ਹਰ ਕਿਸਾਨ ਦੇ ਜਾਨਵਰਾਂ ਬਾਰੇ ਵੇਰਵੇ ਪ੍ਰਦਾਨ ਕਰਦਾ ਹੈ।

ਪਸ਼ੂਆ ਦੀ ਪ੍ਰਜਣਨ, ਪੋਸ਼ਣ ਅਤੇ ਸਿਹਤ ਦੀ ਜਾਣਕਾਰੀ ਅਸਲ ਸਮੇਂ ਵਿੱਚ ਉਪਲਬਧ ਕਰਾਉਂਦਾ ਹੈ।

**ਮੇਰੇ ਐਲਰਟ**

ਟੀਕਾਕਰਣ, ਗਰਭ ਦੀ ਜਾਂਚ, ਸੂਣ ਆਦਿ ਦੀ ਨਿਰਧਾਰਿਤ ਮਿਤੀ ਲਈ ਸਮੇਂ ਸਿਰ ਚੇਤਾਵਨੀ।

ਡੇਅਰੀ ਅਤੇ ਪਸ਼ੂ ਪਾਲਣ ਸਬੰਧੀ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ।

**ਪਸ਼ੂ ਮਿੱਤਰ**

ਕਿਸਾਨ ਪਸ਼ੂਆਂ ਦੀ ਸਿਹਤ, ਪੋਸ਼ਣ ਅਤੇ ਪ੍ਰਜਣਨ ਨਾਲ ਸਬੰਧਤ ਸਵਾਲਾਂ ਦੇ ਲਈ ਰਾਸ਼ਟਰੀ ਡੇਅਰੀ ਵਿਕਾਸ ਬੋਰਡ ਦੇ ਕਾਲ ਸੈਂਟਰ (ਪਸ਼ੂ ਮਿੱਤਰ 7574835051) ਨਾਲ ਸਿੱਧਾ ਸੰਪਰਕ ਕਰ ਸਕਦੇ ਹਨ।

**ਆਪਣੀ ਪ੍ਰੋਫ਼ਾਈਲ**

ਰਜਿਸਟਰਡ ਕਿਸਾਨ ਇਕ ਕਲਿੱਕ 'ਤੇ ਈ-ਗੋਪਾਲਾ ਵਿਚ ਆਪਣਾ ਪ੍ਰੋਫ਼ਾਈਲ ਦੇਖ ਸਕਦੇ ਹਨ।